ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8, ਐਸ.ਏ.ਐਸ.ਨਗਰ
ਈਮੇਲ: directorscert@punjabeducation.gov.in ਫੋਨ ਨੰ: 0172-2212221

2024154332

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ ਅਤੇ ਐ.ਸਿੱ.),
ਸਮੂਹ ਸਕੂਲ ਮੁਖੀ (PM Shri ਸਕੂਲ)
ਪੰਜਾਬ।

ਮੀਮੋ ਨੰਬਰ: SCERT/SCI/2024316485/e-807030 ਮਿਤੀ ਸ.ਅ.ਸ.ਨਗਰ: 10.12.2024

**ਵਿਸ਼ਾ: 233 PM Shri ਸਕੂਲਾਂ ਅੰਦਰ ਸਾਇੰਸ ਸਰਕਲ ਸਥਾਪਿਤ ਕਰਕੇ ਗਤੀਵਿਧੀਆਂ ਕਰਵਾਉਣ ਸਬੰਧੀ**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਸੈਸ਼ਨ 2024-25 ਦੌਰਾਨ PM Shri ਸਕੂਲਾਂ ਦੇ ਵਿਦਿਆਰਥੀਆਂ ਅੰਦਰ ਵਿਗਿਆਨਕ ਦ੍ਰਿਸ਼ਟੀਕੋਣ, ਸਿਰਜਣਾਤਮਕਤਾ ਅਤੇ ਸਾਇੰਸ ਅਤੇ ਟੈਕਨੋਲੋਜੀ ਵਿਸ਼ੇ ਪ੍ਰਤੀ ਜਮਾਤ ਦੇ ਅੰਦਰ ਅਤੇ ਬਾਹਰ ਦੀਆਂ ਕਿਰਿਆਵਾਂ ਵਿੱਚ ਦਿਲਚਸਪੀ ਪੈਦਾ ਕਰਨ ਹਿੱਤ ਸਾਇੰਸ ਸਰਕਲ ਸਥਾਪਿਤ ਕਰਕੇ ਗਤੀਵਿਧੀਆਂ ਕਰਵਾਈਆਂ ਜਾਣੀਆਂ ਹਨ।

3.0 ਸਕੂਲਾਂ ਅੰਦਰ Science Circles ਸਥਾਪਿਤ ਕਰਨ ਦੇ ਉਦੇਸ਼ ਹੇਠ ਅਨੁਸਾਰ ਹਨ:

1. ਵਿਦਿਆਰਥੀਆਂ ਅੰਦਰ ਵਿਗਿਆਨਕ ਸੋਚ ਅਤੇ ਤਾਰਕਿਕ ਚਿੰਤਨ ਨੂੰ ਉਤਸ਼ਾਹਿਤ ਕਰਨਾ (To promote the scientific temperament and logical aptitude among the students)
2. ਜਮਾਤ ਦੇ ਪਾਠਕ੍ਰਮ ਤੋਂ ਇਲਾਵਾ ਵਿਗਿਆਨ ਵਿਸ਼ੇ ਨੂੰ ਡੂੰਘਾਈ ਨਾਲ ਜਾਨਣ ਅਤੇ ਨਵੀਆਂ ਖੋਜਾਂ ਕਰਨ ਦੇ ਮੌਕੇ ਪ੍ਰਦਾਨ ਕਰਨੇ (To offer a space for students to delve deeper into these subjects beyond the classroom curriculum)

4.0 ਸਾਇੰਸ ਸਰਕਲ ਵਿੱਚ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਵਿਦਿਆਰਥੀਆਂ ਲਈ ਹੇਠ ਅਨੁਸਾਰ ਸਹਾਈ ਹੋਣਗੀਆਂ:

- **ਗਿਆਨ ਦਾ ਵਿਸਥਾਰ (Enrichment of Knowledge):** ਵਿਦਿਆਰਥੀ ਵਿਗਿਆਨਕ ਸੰਕਲਪਾਂ ਨੂੰ ਗਹਿਰਾਈ ਵਿੱਚ ਸਿੱਖ ਸਕਣਗੇ।
- **ਸਹਿਯੋਗ (Collaborations):** ਇਹ ਸਰਕਲ ਵਿਦਿਆਰਥੀਆਂ ਨੂੰ ਟੀਮ ਵਰਕ ਕਰਨ ਲਈ ਉਤਸ਼ਾਹਿਤ ਕਰਨਗੇ ਅਤੇ ਵਿਚਾਰ-ਚਰਚਾ ਕਰਦੇ ਹੋਏ ਮਿਲਜੁਲ ਕੇ ਪ੍ਰਯੋਗ ਕਰਨਗੇ ਅਤੇ ਪ੍ਰੋਜੈਕਟ ਪੂਰਾ ਕਰਨਗੇ।
- **ਚੁਣੌਤੀਆਂ ਅਤੇ ਸਿਰਜਣਾਤਮਕਤਾ (Challenge and Creativity):** ਇਹ ਸਰਕਲ ਵਿਦਿਆਰਥੀਆਂ ਨੂੰ ਅਜਿਹੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਉਤਸ਼ਾਹਿਤ ਕਰੇਗਾ ਜਿਸ ਰਾਹੀ ਉਹ ਆਲੋਚਨਾਤਮਕ

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਪਟਿਆਲਾ
ਪਿੱਠ ਅੰਕਣ ਨੰ ਡ-6/2024/ [illegible] ਮਿਤੀ 12/12/24
ਉਪਰੋਕਤ ਅਨੁਸਾਰ ਪੱਤਰ ਦੀ ਕਾਪੀ ਹਿੱਤ ਸਮੂਹ ਸਕੂਲ ਮੁਖੀ (PM Shri) ਨੂੰ [illegible] ਕਿ PM Shri ਸਕੂਲਾਂ ਅੰਦਰ ਸਾਇੰਸ ਸਰਕਲ ਸਥਾਪਿਤ ਕਰਕੇ ਗਤੀਵਿਧੀਆਂ ਕਰਵਾਉਣੀਆਂ [illegible]

ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ-ਸਿ)
ਪਟਿਆਲਾ
12/12/24

ਅਤੇ ਸਿਰਜਨਾਤਮਕ ਢੰਗ ਨਾਲ ਸੋਚਣ ਅਤੇ ਗਿਆਨ ਹਾਸਿਲ ਕਰਨ ਲਈ ਪ੍ਰੇਰਿਤ ਹੋਣਗੇ ਅਤੇ ਕੁਝ ਵੱਖਰਾ ਸੋਚਣ ਦੀ ਯੋਗਤਾ ਹਾਸਿਲ ਕਰਨਗੇ।

5.0 ਉਕਤ ਸਾਇੰਸ ਸਰਕਲਾਂ ਲਈ ਹਰੇਕ ਸਕੂਲ ਵਿੱਚ ਹੇਠ ਅਨੁਸਾਰ ਕਮੇਟੀ ਬਣਾਈ ਜਾ ਸਕਦੀ ਹੈ:

| | |
|---|---|
| 1. ਸਕੂਲ ਮੁਖੀ | - ਪ੍ਰਧਾਨ |
| 2. ਸੀਨੀਅਰ ਸਾਇੰਸ ਲੈਕਚਰਾਰ/ਅਧਿਆਪਕ | - ਸੈਕਟਰੀ |
| 3. ਸੀਨੀਅਰ ਸਾਇੰਸ ਅਧਿਆਪਕ | - ਇੰਚਾਰਜ ( Event Coordinator) |
| 4. ਸਾਇੰਸ ਅਧਿਆਪਕ Mentors | - ਮੈਂਬਰ |
| 5. ਦੋ ਸੀਨੀਅਰ ਵਿਦਿਆਰਥੀ | - ਵਿਦਿਆਰਥੀ ਮੈਂਬਰ |

6.0 ਸਾਇੰਸ ਸਰਕਲਾਂ ਦੀ ਬਣਤਰ ਹੇਠ ਅਨੁਸਾਰ ਹੋ ਸਕਦੀ ਹੈ:

1. ਉਕਤ ਸਾਇੰਸ ਸਰਕਲਾਂ ਅੰਦਰ ਪ੍ਰਤੀ ਸਰਕਲ ਸਾਇੰਸ ਵਿਸ਼ੇ ਵਿੱਚ ਰੁਚੀ ਰੱਖਣ ਵਾਲੇ 25 ਵਿਦਿਆਰਥੀ ਭਾਗ ਲੈਣਗੇ।
2. ਹਰੇਕ ਸਾਇੰਸ ਸਰਕਲ ਅੰਦਰ ਹਰੇਕ ਜਮਾਤ ਦੇ 3-5 ਵਿਦਿਆਰਥੀ ਸ਼ਾਮਿਲ ਕੀਤੇ ਜਾਣਗੇ।
3. ਇਹਨਾਂ ਵਿਦਿਆਰਥੀਆਂ ਨੂੰ ਸਾਇੰਸ ਸਰਕਲ ਅੰਦਰ ਮਿਡਲ (6ਵੀਂ ਤੋਂ 8ਵੀਂ), ਸੈਕੰਡਰੀ (9ਵੀਂ ਤੋਂ 10ਵੀਂ) ਅਤੇ ਸੀਨੀਅਰ ਸੈਕੰਡਰੀ ਗਰੁੱਪ ਵਿੱਚ ਵੰਡ ਕੇ ਗਤੀਵਿਧੀਆਂ ਕਰਵਾਈਆਂ ਜਾਣਗੀਆਂ।
4. ਸਮੂਹ ਸਾਇੰਸ ਅਧਿਆਪਕਾਂ ਨੂੰ ਸਾਇੰਸ ਸਰਕਲ ਦੀਆਂ ਗਤੀਵਿਧੀਆਂ ਅੰਦਰ ਸ਼ਾਮਿਲ ਹੋ ਕੇ ਯੋਗਦਾਨ ਦੇਣ ਲਈ ਪ੍ਰੇਰਿਤ ਕੀਤਾ ਜਾਵੇ।

7.0 ਸਾਇੰਸ ਸਰਕਲਾਂ ਵਿੱਚ ਸ਼ਾਮਿਲ ਵਿਦਿਆਰਥੀਆਂ ਲਈ ਹੇਠਾਂ ਸੁਝਾਈਆਂ ਗਈਆਂ ਗਤੀਵਿਧੀਆਂ ਦੀ ਚੋਣ ਕੀਤੀ ਜਾ ਸਕਦੀ ਹੈ:

1. **ਕਿਰਿਆਵਾਂ ਅਧਾਰਿਤ ਸਿੱਖਣ ਅਤੇ ਵਿਗਿਆਨਕ ਪ੍ਰਯੋਗ (Activity based Learning and Science Experiments):** ਵਿਗਿਆਨ ਦੀਆਂ ਧਾਰਨਾਵਾਂ ਨੂੰ ਗਤੀਵਿਧੀਆਂ, ਖਿਡੌਣਿਆਂ, ਖੇਡਾਂ, ਕਲਾਰੂਪਾਂ ਰਾਹੀ ਸਮਝਣਾ ਅਤੇ ਜਮਾਤ ਦੇ ਪਾਠਕ੍ਰਮ ਸੰਬੰਧੀ ਵਿਗਿਆਨਕ ਪ੍ਰਯੋਗਾਂ ਨੂੰ ਹੱਥੀ ਕਰਵਾਉਣਾ। ਸਾਇੰਸ ਦੇ ਨਵੇਂ ਖੇਤਰਾਂ ਬਾਰੇ ਸਮਝ ਵਿਕਸਿਤ ਕਰਨਾਂ ਉਦਾਹਰਨ ਦੇ ਤੌਰ ਤੇ ਇੱਕ ਸਧਾਰਨ ਦੂਰਬੀਨ ਜਾਂ ਕੋਈ ਵਿਗਿਆਨਕ ਉਪਕਰਣ ਬਣਾਉਣਾ ਆਦਿ।
2. **ਵਿਗਿਆਨੀਆਂ ਅਤੇ ਮਾਹਿਰਾਂ ਦੁਆਰਾ ਅਗਵਾਈ ( Mentoring by Scientist and Experts):** ਵਿਦਿਆਰਥੀਆਂ ਅੰਦਰ ਵਿਗਿਆਨ ਵਿਸ਼ੇ ਪ੍ਰਤੀ ਰੁਚੀ ਪੈਦਾ ਕਰਨ ਲਈ ਵਿਗਿਆਨ ਦੇ ਖੇਤਰ ਵਿੱਚ ਕੰਮ ਕਰ ਰਹੇ ਵਿਗਿਆਨੀਆਂ, ਖੋਜਕਰਤਾਵਾਂ ਜਾਂ ਪ੍ਰੋਫੈਸ਼ਨਲ ਨੂੰ ਸੱਦ ਕੇ ਅਨੁਭਵ ਸਾਂਝੇ ਕਰਵਾਉਣਾ ਅਤੇ ਵਿਦਿਆਰਥੀਆਂ ਦੀ ਜਿਗਿਆਸਾ ਵਧਾਉਣ ਲਈ ਪ੍ਰਸ਼ਨ-ਉੱਤਰ ਸੈਸ਼ਨ ਆਯੋਜਿਤ ਕਰਨਾ।
3. **ਸਾਇੰਸ ਕਲੱਬ/ਕੁਇਜ਼ (Science Club/ Quiz):** ਟੀਮਵਰਕ ਨੂੰ ਉਤਸਾਹਿਤ ਕਰਕੇ ਅਤੇ ਸਿਰਜਣਾਤਮਕ ਢੰਗ ਨਾਲ ਗਿਆਨ ਦੀ ਵਰਤੋਂ ਰਾਹੀ ਵਿਦਿਆਰਥੀਆਂ ਨੂੰ ਸਾਇੰਸ ਓਲੰਪਿਆਡ ਜਾਂ ਹੋਰ ਮੁਕਾਬਲਿਆਂ ਦੀ ਤਿਆਰੀ ਕਰਵਾਈ ਜਾ ਸਕਦੀ ਹੈ। ਸਾਇੰਸ ਸਰਕਲਾਂ ਦੁਆਰਾ ਸਕੂਲ ਪੱਧਰੀ ਸਾਇੰਸ ਕੁਇਜ਼ ਮੁਕਾਬਲੇ ਵੀ ਕਰਵਾਏ ਜਾ ਸਕਦੇ ਹਨ।
4. **ਖ਼ਬਰਾਂ ਵਿਚਲੇ ਵਿਗਿਆਨ ਸੰਬੰਧੀ ਚਰਚਾ (Science in the News):** ਮੌਜੂਦਾ ਵਿਗਿਆਨਕ ਖੋਜਾਂ, ਸਫਲਤਾਵਾਂ ਅਤੇ ਉਨ੍ਹਾਂ ਦੇ ਪ੍ਰਭਾਵਾਂ 'ਤੇ ਡੂੰਘੀ ਚਰਚਾ ਕਰਵਾਉਣਾ।

5. ਨੇਚਰ ਵਾਕ ਅਤੇ ਨਿਰੀਖਣ (Nature Walks and Observations): ਸਥਾਨਕ ਵਾਤਾਵਰਣ ਦਾ ਅਧਿਐਨ, ਪੌਦਿਆਂ ਅਤੇ ਜਾਨਵਰਾਂ ਦਾ ਅਧਿਐਨ ਅਤੇ ਅਗਲੇ ਅਧਿਐਨ ਲਈ ਡਾਟਾ ਇਕੱਠਾ ਕਰਕੇ ਵਿਸ਼ਲੇਸ਼ਣ ਕਰਵਾਉਣਾ।

6. ਅਨੁਭਵ ਯਾਤਰਾਵਾਂ (Exposure visits) ਉੱਚ ਸਿੱਖਿਆ ਸੰਸਥਾਵਾਂ/ਵਿਗਿਆਨ ਸਿਟੀ ਦੇ ਵਿਦਿਆਰਥੀਆਂ ਦੀ ਮਦਦ ਨਾਲ ਸਾਇੰਸ ਮਿਊਜ਼ੀਅਮ ਅਤੇ ਇਨੋਵੇਸ਼ਨ ਕੇਂਦਰਾਂ ਦੀਆਂ ਯੋਜਨਾਬੱਧ ਯਾਤਰਾਵਾਂ ਆਯੋਜਿਤ ਕਰਵਾਉਣਾ।

7. ਸਾਇੰਸ ਮੇਲੇ (Science fairs) ਪ੍ਰਤੀ ਤਿਮਾਹੀ ਸਾਇੰਸ ਮੇਲੇ ਆਯੋਜਿਤ ਕੀਤੇ ਜਾ ਸਕਦੇ ਹਨ ਜਿੱਥੇ ਵਿਦਿਆਰਥੀ ਆਪਣੇ ਪਿਛਲੇ ਤਿੰਨ ਮਹੀਨਿਆਂ ਦੀਆਂ ਗਤੀਵਿਧੀਆਂ, ਪ੍ਰਯੋਗਾਂ, ਪ੍ਰੋਜੈਕਟਾਂ ਅਤੇ ਨਵੀਨ ਮਾਡਲਾਂ ਦੀ ਪ੍ਰਦਰਸ਼ਨੀ ਕਰ ਸਕਦੇ ਹਨ।

8. ਸਾਇੰਸ ਕਿੱਟਾਂ ਦਾ ਪ੍ਰਯੋਗ (Use of Science Kits): ਵਿਗਿਆਨਕ ਧਾਰਨਾਵਾਂ ਨੂੰ ਆਸਾਨ ਅਤੇ ਸਪੱਸ਼ਟ ਢੰਗ ਨਾਲ ਸਮਝਣ ਲਈ ਲਈ ਸਾਇੰਸ ਕਿੱਟਾਂ ਦੀ ਵਰਤੋਂ ਕਰਨਾ।

9. ਖੋਜ ਪ੍ਰੋਜੈਕਟ (Research Project): ਵਿਦਿਆਰਥੀਆਂ ਨੂੰ ਟੀਮ ਵਿੱਚ ਜਾਂ ਵਿਅਕਤੀਗਤ ਤੌਰ 'ਤੇ ਖੋਜ ਪ੍ਰਾਜੈਕਟ ਤਿਆਰ ਕਰਨ ਲਈ ਉਤਸਾਹਿਤ ਕੀਤਾ ਜਾ ਸਕਦਾ ਹੈ ਅਤੇ ਸਕੂਲ ਵੱਲੋ ਸਰਵੋਤਮ ਪ੍ਰਾਜੈਕਟਾ ਨੂੰ ਸਹਿਯੋਗ ਪ੍ਰਦਾਨ ਕੀਤਾ ਜਾ ਸਕਦਾ ਹੈ।

10. ਸੈਮੀਨਾਰ/ਵੈਬੀਨਾਰ ਜਾਂ ਵਰਕਸ਼ਾਪ (Seminars/webinar or workshop) ਵਿਗਿਆਨ ਦੇ ਖੇਤਰ ਦੇ ਸਥਾਨਿਕ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਮਾਹਿਰਾਂ ਦੀ ਮੌਜੂਦਗੀ ਵਿੱਚ ਸੈਮੀਨਾਰ/ਵੈਬੀਨਾਰ ਜਾਂ ਵਰਕਸ਼ਾਪ ਆਯੋਜਿਤ ਕੀਤੇ ਜਾ ਸਕਦੇ ਹਨ।

11. ਵਿਗਿਆਨਕ ਲੇਖਾਂ ਦੀ ਰਚਨਾ (Science Communication Articles): ਵਿਦਿਆਰਥੀਆਂ ਨੂੰ ਸਵੈ-ਅਨੁਭਵ, ਨਿਰੀਖਣ ਅਤੇ ਵਿਸ਼ਲੇਸ਼ਣ ਦੇ ਅਧਾਰ 'ਤੇ ਸਥਾਨਕ ਮੀਡੀਆ ਵਿੱਚ ਵਿਗਿਆਨਕ ਵਿਸ਼ਿਆਂ ਸੰਬੰਧੀ ਲੇਖ ਲਿਖਣ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ।

12. ਵਿਗਿਆਨਕ ਨਾਟਕ/ ਨੁੱਕੜ ਨਾਟਕ/ਸਾਇੰਸ ਸੈਮੀਨਾਰ ( Science Drama/Nukkad Natak/ Science Seminar): ਵਿਗਿਆਨਕ ਸੋਚ ਨੂੰ ਪ੍ਰਫੁੱਲਿਤ ਕਰਨ ਵਾਲੇ ਥੀਮਾਂ ਤੇ ਅਧਾਰਿਤ ਵਿਗਿਆਨ ਡਰਾਮੇ/ ਨੁੱਕੜ ਨਾਟਕ/ਸਾਇੰਸ ਸੈਮੀਨਾਰ ਸਾਇੰਸ ਸਰਕਲਾਂ ਵਿੱਚ ਸ਼ਾਮਿਲ ਕੀਤੇ ਜਾ ਸਕਦੇ ਹਨ।

13. ਸਥਾਨਕ ਮਾਹਿਰਾਂ: ਵਿਗਿਆਨ ਖੇਤਰ ਦੇ ਸਥਾਨਕ ਮਾਹਿਰਾਂ ਨੂੰ ਇਹਨਾਂ ਗਤੀਵਿਧੀਆਂ ਨੂੰ ਸਫ਼ਲ ਬਣਾਉਣ ਲਈ ਸ਼ਾਮਿਲ ਕੀਤਾ ਜਾ ਸਕਦਾ ਹੈ।

8.0 ਉਕਤ ਗਤੀਵਿਧੀਆਂ ਵਿਦਿਆਰਥੀਆਂ ਅੰਦਰ ਵਿਗਿਆਨ ਪ੍ਰਤੀ ਰੁਚੀ ਪੈਦਾ ਕਰਨ ਦੇ ਨਾਲ-ਨਾਲ ਨਵੇਂ ਅਨੁਭਵ ਅਤੇ ਕੌਸ਼ਲਤਾਵਾਂ ਵਿਕਸਿਤ ਕਰਨ ਵਿੱਚ ਮਦਦਗਾਰ ਹੋਣਗੀਆਂ।

9.0 ਉਪਰੋਕਤ ਸੁਝਾਈਆਂ ਗਈਆਂ ਗਤੀਵਿਧੀਆਂ ਦੀ ਚੋਣ ਤੋਂ ਇਲਾਵਾ ਸਾਇੰਸ ਅਧਿਆਪਕ ਆਪਣੇ ਪੱਧਰ ਤੇ ਵੀ ਗਤੀਵਿਧੀਆਂ ਡਿਜ਼ਾਇਨ ਕਰ ਸਕਦੇ ਹਨ। ਕਿਰਿਆਵਾਂ ਅਧਾਰਿਤ ਗਤੀਵਿਧੀਆਂ ਕਰਵਾਉਣ ਲਈ ਪੱਤਰ ਨਾਲ ਨੱਥੀ NCERT, ਨਵੀਂ ਦਿੱਲੀ ਦੁਆਰਾ ਜਾਰੀ ਐਕਟੀਵਿਟੀ ਹੈਂਡਬੁੱਕ ਦੀ ਸਹਾਇਤਾ ਵੀ ਲਈ ਜਾ ਸਕਦੀ ਹੈ।

10.0 ਉਕਤ ਗਤੀਵਿਧੀਆਂ ਸਾਇੰਸ ਅਧਿਆਪਕ ਵੱਲੋਂ ਬੈਗਲੈਸ ਡੇਅ ਵਾਲੇ ਦਿਨ ਕਰਵਾਈਆਂ ਜਾਣਗੀਆਂ। ਇਸਤੋਂ ਇਲਾਵਾ ਸਾਇੰਸ ਸਰਕਲ ਦੇ ਵਿਦਿਆਰਥੀਆਂ ਦੁਆਰਾ ਆਪਣੇ ਹਾਊਸ਼ ਦੌਰਾਨ ਸੁਵਿਧਾ ਅਨੁਸਾਰ ਆਪਣੇ ਕੰਮ ਦਾ ਪ੍ਰਦਰਸ਼ਨ (ਮਾਡਲ/ਆਰਟੀਕਲ/ਸਾਇੰਸ ਸੰਬੰਧੀ ਲੇਖ/ਖੋਜ਼ ਆਦਿ) ਸਵੇਰ ਦੀ ਸਭਾ ਵਿੱਚ ਕੀਤਾ ਜਾ ਸਕਦਾ ਹੈ।

11.0 ਸਕੂਲ ਵਿੱਚ ਹੋਣ ਵਾਲੀਆਂ ਸਾਇੰਸ ਪ੍ਰਦਰਸ਼ਨੀਆਂ, ਮਾਪੇ-ਅਧਿਆਪਕ ਮਿਲਣੀ (PTM) ਅਤੇ ਸਲਾਨਾ ਦਿਨ (Annual Day), ਬੈਗਲੇਸ ਡੇਅ ਦੌਰਾਨ ਸਾਇੰਸ ਸਰਕਲ ਦੇ ਵਿਦਿਆਰਥੀ ਆਪਣੇ ਕੀਤੇ ਗਏ ਕੰਮ, ਆਰਟੀਕਲ, ਖੋਜ ਕਾਰਜ, ਡਰਾਮਾ, ਕੁਇਜ, ਮਾਡਲ ਆਦਿ ਮੈਥ ਸਰਕਲ ਨਾਲ ਮਿਲ ਕੇ ਪ੍ਰਦਰਸਿਤ ਕਰ ਸਕਦੇ ਹਨ।

12.0 ਉਕਤ ਸਾਇੰਸ ਸਰਕਲ ਦੀਆਂ ਗਤੀਵਿਧੀਆਂ ਲਈ @5000 ਰੁ./ਸਰਕਲ/ਸਕੂਲ ਫੰਡ ਜਾਰੀ ਕੀਤੇ ਜਾਣ ਹਨ। ਸਕੂਲ ਪੱਧਰ ਤੇ ਜਾਰੀ ਕੀਤੇ ਜਾਣ ਵਾਲੇ ਫੰਡਾਂ ਦੇ ਵੇਰਵੇ ਪੱਤਰ ਨਾਲ ਨੱਥੀ ਹਨ।

13.0 ਸਕੂਲ ਦੁਆਰਾ ਸਾਇੰਸ ਸਰਕਲ ਦੇ ਕੀਤੇ ਗਏ ਕੰਮਾਂ ਦਾ ਰਿਕਾਰਡ ਅਤੇ ਖਰਚੇ ਦਾ ਸਮੱਗਰਾਂ ਦੇ ਵਿੱਤੀ ਨਿਯਮਾਂ ਅਨੁਸਾਰ ਪੂਰਾ ਰਿਕਾਰਡ ਰੱਖਿਆ ਜਾਵੇ ਅਤੇ ਖਰਚ ਕੀਤੀ ਰਾਸ਼ੀ ਦੇ ਵੇਰਵੇ ਪ੍ਰਬੰਧ ਪੋਰਟਲ ਤੇ ਅਪਡੇਟ ਕਰਨੇ ਯਕੀਨੀ ਬਣਾਏ ਜਾਣ।

14.0 ਖਰੀਦੇ ਗਏ ਸਮਾਨ ਦਾ ਰਿਕਾਰਡ ਸਟਾਕ ਰਜਿਸਟਰ ਵਿੱਚ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

15.0 ਉਕਤ ਸਾਇੰਸ ਸਰਕਲਾਂ ਦੀ ਮੋਨੀਟਰਿੰਗ ਮੁੱਖ ਦਫ਼ਤਰ ਦੀਆਂ ਟੀਮਾਂ, ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ), ਪ੍ਰਿੰਸੀਪਲ ਡਾਇਟ, ਡਾਇਟ ਫੈਲਕਟੀ, ਬਲਾਕ ਨੋਡਲ ਅਫ਼ਸਰ ਅਤੇ ਅਕਾਦਮਿਕ ਸਪੋਰਟ ਗਰੱਪ (ASG) ਦੇ ਮੈਬਰਾਂ ਦੁਆਰਾ ਕੀਤੀ ਜਾਵੇਗੀ।

16.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਇਹਨਾਂ ਸਾਇੰਸ ਸਰਕਲਾਂ ਦਾ ਕੰਮ 15 ਫ਼ਰਵਰੀ, 2025 ਤੱਕ ਮੁੰਕਮਲ ਕਰਵਾ ਕੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ) ਨਾਲ ਉਚਿੱਤ ਤਾਲਮੇਲ ਰਾਹੀ 28 ਫ਼ਰਵਰੀ, 2025 ਤੱਕ ਵਰਤੋਂ ਸਰਟੀਫਿਕੇਟ ਹਰ ਹਾਲਤ ਵਿੱਚ ਮੁੱਖ ਦਫ਼ਤਰ ਨਾਲ ਸਾਂਝਾ ਕਰਨਾ ਯਕੀਨੀ ਬਣਾ ਸਕਦੇ ਹਨ।

17.0 ਸਮੂਹ PM Shri Schools ਦੁਆਰਾ ਸਾਇੰਸ ਸਰਕਲ ਅਧੀਨ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਦਾ ਮਾਈਕ੍ਰੋ-ਪਲਾਨ ਤਿਆਰ ਕਰਕੇ ਫੰਡਾਂ ਦੀ ਉਪਲੱਬਤਾ ਅਨੁਸਾਰ ਇਹਨਾਂ ਦਾ ਸੰਚਾਲਨ ਤੁਰੰਤ ਸ਼ੁਰੂ ਕਰਵਾ ਲਿਆ ਜਾਵੇ।

18.0 ਉਕਤ ਹਦਾਇਤਾਂ ਦੀ ਪਾਲਣਾ ਕਰਨੀ ਯਾਕੀਨੀ ਬਣਾਈ ਜਾਵੇ।

ਅਮਨਿੰਦਰ ਕੌਰ (PCS),
ਡਾਇਰੈਕਟਰ,
ਐਸ.ਸੀ.ਈ.ਆਰ.ਟੀ.,ਪੰਜਾਬ।

ਪੱਠ ਅੰਕਣ ਨੰ: ਉਕਤ

ਮਿਤੀ: ਐਸ.ਏ.ਐਸ.ਨਗਰ: 10.12.2024

ਉਪਰੋਕਤ ਦਾ ਉਤਾਰਾ ਸੂਚਨਾ ਹਿੱਤ ਹੇਠ ਲਿਖਿਆ ਨੂੰ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿੱ),ਪੰਜਾਬ
3. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਐ.ਸਿੱ),ਪੰਜਾਬ

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ, AQT
ਐਸ.ਸੀ.ਈ.ਆਰ.ਟੀ.,ਪੰਜਾਬ।

| | | | | | | | | |
|---|---|---|---|---|---|---|---|---|
| 20 | 03200306905 | GSSS TAPA BOYS | Higher Secondary (6-12) | BARNALA (0320) | SEHNA (032003) | 5 | 0.05 | 0.25 |
| 21 | 03140111303 | GSSS BEER TALAB BASTI IV V | Higher Secondary (6-12) | BATHINDA (0314) | BATHINDA (031401) | 2 | 0.05 | 0.1 |
| 22 | 03140103602 | GSSS SANJAY NAGAR BATHINDA (RMSA) | Higher Secondary (6-12) | BATHINDA (0314) | BATHINDA (031401) | 5 | 0.05 | 0.25 |
| 23 | 03140404501 | GSSS BHUCHO MANDI Boys | Higher Secondary (6-12) | BATHINDA (0314) | RAMPURA PHUL (031403) | 3 | 0.05 | 0.15 |
| 24 | 03140110201 | GSSS MEHMA SARJA | Higher Secondary (6-12) | BATHINDA (0314) | GONIANA MANDI (031408) | 3 | 0.05 | 0.15 |
| 25 | 03140106701 | GSSS GONIANA Girls | Higher Secondary (6-12) | BATHINDA (0314) | GONIANA MANDI (031408) | 3 | 0.05 | 0.1 |
| 26 | 03140305501 | GSSS KOT FATTA | Higher Secondary (6-12) | BATHINDA (0314) | MAUR (031407) | 3 | 0.05 | 0.15 |
| 27 | 03140202003 | GHS G KOTHA GURU | Secondary/Sr.Sec.(6-10) | BATHINDA (0314) | BHAGTA BHAI KA (031402) | 1 | 0.05 | 0.05 |
| 28 | 03140300301 | GHS BHAI BAKHTAUR RMSA | Secondary/Sr.Sec.(6-10) | BATHINDA (0314) | MAUR (031407) | 1 | 0.05 | 0.05 |
| 29 | 03140304603 | GSSS MAUR MANDI Girls | Higher Secondary (6-12) | BATHINDA (0314) | MAUR (031407) | 4 | 0.05 | 0.2 |
| 30 | 03140502101 | GSSS PATTI KALA MEHRAJ Boys | Higher Secondary (6-12) | BATHINDA (0314) | RAMPURA PHUL (031403) | 2 | 0.05 | 0.1 |
| 31 | 03140401602 | GSSS GOBINDPURA | Higher Secondary (6-12) | BATHINDA (0314) | GONIANA MANDI (031408) | 2 | 0.05 | 0.1 |
| 32 | 03140402912 | GSSS NATHANA Girls | Higher Secondary (6-12) | BATHINDA (0314) | GONIANA MANDI (031408) | 2 | 0.05 | 0.1 |
| 33 | 03140600501 | GHS BHUNDAR | Secondary/Sr.Sec.(6-10) | BATHINDA (0314) | RAMPURA PHUL (031403) | 1 | 0.05 | 0.05 |
| 34 | 03140601601 | GHS JEOND | Secondary/Sr.Sec.(6-10) | BATHINDA (0314) | RAMPURA PHUL (031403) | 1 | 0.05 | 0.05 |
| 35 | 03140504001 | GSSS RAMPURA MANDI Girls | Higher Secondary (6-12) | BATHINDA (0314) | RAMPURA PHUL (031403) | 4 | 0.05 | 0.2 |
| 36 | 03140704002 | SHAHEED LABH SINGH GSSS SEKHU | Higher Secondary (6-12) | BATHINDA (0314) | SANGAT (031405) | 2 | 0.05 | 0.1 |
| 37 | 03140801702 | GHS KAILE WANDER (RMSA) | Secondary/Sr.Sec.(6-10) | BATHINDA (0314) | SANGAT (031405) | 1 | 0.05 | 0.05 |
| 38 | 03130105903 | GSSS GOLEWALA | Higher Secondary (6-12) | FARIDKOT (0313) | FARIDKOT-03 (031303) | 3 | 0.05 | 0.15 |
| 39 | 03130103802 | GSSSG FDK | Higher Secondary (6-12) | FARIDKOT (0313) | FARIDKOT-02 (031302) | 6 | 0.05 | 0.3 |